a2zpapers.com

Exam. Code : 103202
Subject Code : 1071

B.A./B.Sc. 2nd Semester
MUDHLI PUNJABI

Time Allowed—3 Hours] [Maximum Marks—50

**ਨੋਟ :—** ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਸੈਕਸ਼ਨ ਵਿਚੋਂ **ਇਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

## ਸੈਕਸ਼ਨ-ਏ

1. ਪੜਨਾਂਵ ਕਿਸ ਨੂੰ ਕਹਿੰਦੇ ਹਨ ? ਇਹ ਕਿਹੜੀ-ਕਿਹੜੀ ਪ੍ਰਕਾਰ ਦੇ ਹੁੰਦੇ ਹਨ ?
2. ਕਿਰਿਆ ਵਿਸ਼ੇਸ਼ਣ ਕੀ ਹੁੰਦਾ ਹੈ ? ਇਹ ਕਿੰਨੀ ਤਰ੍ਹਾਂ ਦੇ ਹੁੰਦੇ ਹਨ ? ਉਦਾਹਰਣਾਂ ਦੁਆਰਾ ਸਪੱਸ਼ਟ ਕਰੋ।

## ਸੈਕਸ਼ਨ-ਬੀ

3. ਸੰਯੁਕਤ ਵਾਕ ਅਤੇ ਮਿਸ਼ਰਤ ਵਾਕ ਦਾ ਅੰਤਰ ਸਮਝਾਓ ਅਤੇ ਕੋਈ ਪੰਜ ਮਿਸ਼ਰਤ ਵਾਕ ਲਿਖੋ।
4. ਪ੍ਰਸ਼ਨਵਾਚਕ ਵਾਕ ਅਤੇ ਹੁਕਮੀ ਵਾਕ ਨੂੰ ਪਰਿਭਾਸ਼ਤ ਕਰੋ ਅਤੇ ਇਨ੍ਹਾਂ ਦੀਆਂ ਉਦਾਹਰਣਾਂ ਲਿਖੋ।

## ਸੈਕਸ਼ਨ-ਸੀ

5. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਕਰੋ :
   (ੳ) ਮਾਤ ਭਾਸ਼ਾ ਦੀ ਮਹੱਤਤਾ
   (ਅ) ਸਿੱਖਿਆ ਦਾ ਵਿਉਪਾਰੀਕਰਨ
   (ੲ) ਭ੍ਰਿਸ਼ਟਾਚਾਰ।



www.a2zpapers.com www.a2zpapers.com
ad free old Question papers gndu, ptu hp board, punjab

a2zpapers.com

6. ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ। ਉਸਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿਚ ਗੁਜ਼ਰਦਾ ਹੈ। ਕੰਮ ਕਰਨਾ ਉਸ ਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ ਸਗੋਂ ਵੱਡੀ ਜ਼ਰੂਰਤ ਵੀ ਹੈ। ਉਸ ਦੇ ਜੀਵਨ ਦਾ ਅਧਿਕਤਮ ਭਾਗ ਕੰਮ ਅਤੇ ਆਰਾਮ ਵਿਚ ਵੰਡਿਆ ਹੋਇਆ ਹੈ। ਆਰਾਮ ਅਤੇ ਵਿਹਲ ਸਮੇਂ ਵੀ ਅਸੀਂ ਕੰਮ ਕਰਦੇ ਹਾਂ। ਕੇਵਲ ਪੂਰਨ ਆਰਾਮ ਤੇ ਨੀਂਦਰ ਦੀ ਹਾਲਤ ਵਿਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ। ਜ਼ਰਾ ਗਹੁ ਨਾਲ ਵੇਖਿਆ ਜਾਵੇ, ਤਾਂ ਕੰਮ ਕਰਨਾ ਹੀ ਜ਼ਿੰਦਗੀ ਅਥਵਾ ਨਿਰਜਿੰਦ ਮਾਦਾ ਵਿਚ ਜੀਵਨ ਨਹੀਂ ਗਿਣਿਆ ਜਾ ਸਕਦਾ। ਮਨੁੱਖੀ ਜੀਵਨ ਦੀ ਗਤੀਸ਼ੀਲਤਾ ਕੰਮਾਂ ਕਾਜਾਂ ਨਾਲ ਓਤਪੋਤ ਹੈ ਅਥਵਾ ਇਹੀ ਉਸ ਦੀ ਪ੍ਰਗਤੀ ਦੇ ਪ੍ਰਤੀਕ ਤੇ ਪ੍ਰਮਾਣ ਹਨ।

## ਸੈਕਸ਼ਨ-ਡੀ

7. ਆਪਣੇ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਨੂੰ ਇਲਾਕੇ ਵਿਚ ਵੱਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਬਿਨੈ-ਪੱਤਰ ਲਿਖੋ।

8. ਹੇਠ ਲਿਖੇ ਅਖਾਣ ਤੇ ਮੁਹਾਵਰਿਆਂ ਵਿਚੋਂ ਕੋਈ **ਸੱਤ** ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :

ਬੇੜਾ ਪਾਰ ਹੋ ਜਾਣਾ, ਫੁੱਲੇ ਨਾ ਸਮਾਉਣਾ, ਦਿਨ ਰਾਤ ਇਕ ਕਰਨਾ, ਜਸ ਖੱਟਣਾ, ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਉੱਘ ਸੁੱਘ ਮਿਲਣੀ, ਉੱਚੀ ਦੁਕਾਨ ਫਿੱਕਾ ਪਕਵਾਨ, ਸਸਤਾ ਰੋਵੇ ਬਾਰ ਬਾਰ ਮਹਿੰਗਾ ਰੋਵੇ ਇਕ ਵਾਰ, ਇਕ ਅਨਾਰ ਸੌ ਬੀਮਾਰ, ਹੱਥਾਂ ਦੇ ਤੋਤੇ ਉੱਡਣੇ, ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਆਵੇ।



www.a2zpapers.com www.a2zpapers.com
oad free old Question papers gndu, ptu hp board, punjab

www.a2zpapers.com